**THE PUNJAB STATE BOARD OF TECHNICAL EDUCATION AND INDUSTRIAL TRAINING**

Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

ਨੰ:-ਆਈ.ਟੀ.ਆਈ.ਸ਼ਾਖਾ/25/ 1309 ਮਿਤੀ:- 27/08/25

ਵੱਲ,

ਪ੍ਰਿੰਸੀਪਲ,
ਪ੍ਰੀਖਿਆ ਕੇਂਦਰ ਐਸ.ਸੀ.ਵੀ.ਟੀ ਪ੍ਰੀਖਿਆ ਅਗਸਤ-ਸਤੰਬਰ 2025
ਅਤੇ ਉਦਯੋਗਿਕ ਸਿਖਲਾਈ ਸੰਸਥਾਵਾਂ,
ਪੰਜਾਬ ਰਾਜ ਅਧੀਨ।

**ਵਿਸ਼ਾ:- ਐਸ.ਸੀ.ਵੀ.ਟੀ ਪ੍ਰੀਖਿਆ ਅਗਸਤ-ਸਤੰਬਰ 2025 ਦੇ ਪ੍ਰੈਕਟੀਕਲ ਮਾਰਕਸ ਅਤੇ ਸੈਸ਼ਨਲ ਮਾਰਕਸ ਦੀ ਆਨ ਲਾਈਨ ਐਂਟਰੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਐਸ.ਸੀ.ਵੀ.ਟੀ ਪ੍ਰੀਖਿਆ ਅਗਸਤ-ਸਤੰਬਰ 2025 ਲਈ ਬੋਰਡ ਦਫਤਰ ਦੁਆਰਾ ਡਾਟਾ ਕੰਪਿਊਟਰਾਇਜ਼ਡ ਕੀਤਾ ਗਿਆ ਹੈ। ਇਸ ਲਈ ਪ੍ਰੈਕਟੀਕਲ ਮਾਰਕਸ ਦੀ ਐਂਟਰੀ ਪ੍ਰੀਖਿਆ ਲਈ ਬਣਾਏ ਗਏ ਪ੍ਰੀਖਿਆ ਕੇਂਦਰਾਂ ਦੁਆਰਾ ਕੀਤੀ ਜਾਣੀ ਹੈ ਅਤੇ ਸੈਸ਼ਨਲ ਮਾਰਕਸ ਦੀ ਐਂਟਰੀ ਸਬੰਧਤ ਸੰਸਥਾਵਾਂ ਦੁਆਰਾ ਕੀਤੀ ਜਾਣੀ ਹੈ। ਇਸ ਸਬੰਧੀ ਪ੍ਰੀਖਿਆ ਕੇਂਦਰਾਂ ਅਤੇ ਸੰਸਥਾਵਾਂ ਦੁਆਰਾ ਹੇਠ ਦਰਸਾਏ ਅਨੁਸਾਰ ਪ੍ਰੈਕਟੀਕਲ ਮਾਰਕਸ ਅਤੇ ਸੈਸ਼ਨਲ ਮਾਰਕਸ ਦੀ ਆਨ ਲਾਈਨ ਐਂਟਰੀ ਕਰਨਾ ਯਕੀਨੀ ਬਣਾਈ ਜਾਵੇ।

**ਸੈਸ਼ਨਲ ਮਾਰਕਸ ਸਬੰਧੀ ਹਦਾਇਤਾਂ**

1 ਸੰਸਥਾਵਾਂ ਦੁਆਰਾ ਆਪਣੇ ਪਹਿਲਾਂ ਹੀ ਅਲਾਟ ਹੋਏ username ਅਤੇ password ਨਾਲ www.pbteched.net ਤੇ ਲੈਗਿਨ ਕਰਕੇ ਆਪਣੀ ਸੰਸਥਾ ਦੇ ਸੈਸ਼ਨਲ ਮਾਰਕਸ ਦੀ ਐਂਟਰੀ ਲੈਗਿਨ ਵਿੱਚ ਉਪਲੱਬਧ ਹਦਾਇਤਾਂ ਅਨੁਸਾਰ ਕੀਤੀ ਜਾਵੇ।

2 ਸੰਸਥਾਵਾਂ ਦੁਆਰਾ ਉਕਤ ਕਾਰਜ ਮਿਤੀ 28-08-2025 ਤੋਂ 11-09-2025 ਤੱਕ ਮੁਕੰਮਲ ਕੀਤਾ ਜਾਵੇ।

3 ਸੰਸਥਾਵਾਂ ਦੁਆਰਾ ਉਹਨਾਂ ਦੀ ਸੰਸਥਾ ਦੀਆਂ SCVT ਦੀਆਂ ਸਾਰੀਆਂ ਟਰੇਡਾਂ ਦੇ ਸਾਰੇ ਸਿਖਿਆਰਥੀਆਂ (ਜੋ ਕਿ ਪ੍ਰੀਖਿਆ ਵਿੱਚ ਅਪੀਅਰ ਹੋਏ ਸਨ) ਦੇ ਸੈਸ਼ਨਲ ਮਾਰਕਸ ਆਨਲਾਈਨ ਦਰਜ ਕਰਨ ਦੀ ਜਿਮੇਵਾਰੀ ਸੰਸਥਾ ਦੀ ਹੈ। ਜੇਕਰ ਕਿਸੇ ਸੰਸਥਾ ਦੇ ਕਿਸੇ ਟਰੇਡ /ਸਿਖਿਆਰਥੀਆਂ ਦੇ ਸੈਸ਼ਨਲ ਮਾਰਕਸ ਦਰਜ ਹੋਣ ਤੋਂ ਰਹਿ ਜਾਂਦੇ ਹਨ ਤਾਂ ਇਸ ਦੀ ਸਮੁੱਚੀ ਜਿੰਮੇਵਾਰੀ ਸੰਸਥਾ ਦੀ ਹੋਵੇਗੀ।

4 ਸੰਸਥਾਵਾਂ ਵਲੋਂ ਆਪਣੀ ਸੰਸਥਾ ਦੇ ਅਸਲ ਸੈਸ਼ਨਲ ਮਾਰਕਸ ਦੇ ਪ੍ਰਿੰਟਆਊਟ ਦੀ ਹਾਰਡ ਕਾਪੀ ਮਿਤੀ 03-10-2025 ਤੱਕ ਬੋਰਡ ਦਫਤਰ ਵਿਖੇ ਜਮ੍ਹਾਂ ਕਰਵਾਏ ਜਾਣ।

**ਪ੍ਰੈਕਟੀਕਲ ਮਾਰਕਸ ਸਬੰਧੀ ਹਦਾਇਤਾਂ**

1 ਪ੍ਰੀਖਿਆ ਕੇਂਦਰਾਂ ਦੁਆਰਾ ਆਪਣੇ ਆਪਣੇ ਪਹਿਲਾਂ ਹੀ ਅਲਾਟ ਹੋਏ username ਅਤੇ password ਨਾਲ www.pbteched.net ਤੇ ਲੈਗਿਨ ਕਰਕੇ ਆਪਣੀ ਸੰਸਥਾ ਅਤੇ ਆਪਣੇ ਪ੍ਰੀਖਿਆ ਕੇਂਦਰ ਅਧੀਨ ਆਉਂਦੀਆਂ ਸੰਸਥਾਵਾਂ ਦੇ ਪ੍ਰੈਕਟੀਕਲ ਮਾਰਕਸ ਦੀ ਐਂਟਰੀ ਲੈਗਿਨ ਵਿੱਚ ਉਪਲੱਬਧ ਹਦਾਇਤਾਂ ਅਨੁਸਾਰ ਕੀਤੀ ਜਾਵੇ।

2 ਪ੍ਰੀਖਿਆ ਕੇਂਦਰਾਂ ਦੁਆਰਾ ਉਕਤ ਕਾਰਜ ਮਿਤੀ 16-09-2025 ਤੋਂ 30-09-2025 ਤੱਕ ਮੁਕੰਮਲ ਕੀਤਾ ਜਾਵੇ।

3 ਪ੍ਰੀਖਿਆ ਕੇਂਦਰ ਅਧੀਨ ਆਉਂਦੀਆਂ ਸੰਸਥਾਵਾਂ ਦੀਆਂ ਸਾਰੀਆਂ ਟਰੇਡਾਂ ਦੇ ਸਾਰੇ ਸਿਖਿਆਰਥੀਆਂ (ਜੋ ਕਿ ਪ੍ਰੈਕਟੀਕਲ ਪ੍ਰੀਖਿਆ ਵਿੱਚ ਅਪੀਅਰ ਹੋਏ ਸਨ) ਦੇ ਪ੍ਰੈਕਟੀਕਲ ਮਾਰਕਸ ਆਨਲਾਈਨ ਐਂਟਰ ਹੋਣੇ ਜਰੂਰੀ ਹਨ ਅਤੇ ਜੇਕਰ ਕਿਸੇ ਸੰਸਥਾ ਦੇ ਸਿਖਿਆਰਥੀਆਂ ਦੇ ਪ੍ਰੈਕਟੀਕਲ ਮਾਰਕਸ ਐਂਟਰੀ ਹੋਣੋ ਰਹਿ ਜਾਂਦੇ ਹਨ ਤਾਂ ਇਸ ਦੀ ਸਮੁੱਚੀ ਜਿੰਮੇਵਾਰੀ ਪ੍ਰੀਖਿਆ ਕੇਂਦਰ ਦੀ ਹੀ ਹੋਵੇਗੀ।

4 ਪ੍ਰੀਖਿਆ ਕੇਂਦਰਾਂ ਵਲੋਂ ਆਪਣੀ ਅਤੇ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਦੇ ਅਸਲ ਅਵਾਰਡ ਰੋਲ ਅਤੇ ਐਂਟਰ ਕੀਤੇ ਪ੍ਰੈਕਟੀਕਲ ਮਾਰਕਸ ਦੇ ਪ੍ਰਿੰਟਆਊਟ ਦੀ ਹਾਰਡ ਕਾਪੀ ਮਿਤੀ 03-10-2025 ਤੱਕ ਬੋਰਡ ਦਫਤਰ ਵਿਖੇ ਜਮ੍ਹਾਂ ਕਰਵਾਈ ਜਾਵੇ। ਜੇਕਰ ਕਿਸੇ ਪ੍ਰੀਖਿਆ ਕੇਂਦਰ ਦੇ ਪ੍ਰੈਕਟੀਕਲ ਮਾਰਕਸ ਅਤੇ ਸੈਸ਼ਨਲ ਮਾਰਕਸ ਦੀ ਹਾਰਡ ਕਾਪੀ ਬੋਰਡ ਦਫਤਰ ਵਿਖੇ ਸਮੇਂ ਸਿਰ ਪ੍ਰਾਪਤ ਨਹੀਂ ਹੁੰਦੀ ਤਾਂ ਇਸ ਅਣਗਹਿਲੀ ਲਈ ਜਿੰਮੇਵਾਰ ਪ੍ਰੀਖਿਆ ਕੇਂਦਰ/ ਸੰਸਥਾਵਾਂ ਖਿਲਾਫ ਰੂਲਾਂ ਅਨੁਸਾਰ ਯੋਗ ਕਾਰਵਾਈ ਕੀਤੀ ਜਾਵੇਗੀ।

27.8.25
ਸਹਾਇਕ ਕੰਟਰੋਲਰ ਪ੍ਰੀਖਿਆਵਾਂ
(ਆਈ.ਟੀ.ਆਈ)

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:-

1. ਪੀ.ਏ./ਸਕੱਤਰ(ਸੂਚਨਾ ਹਿਤ)
2. ਸਿਸਟਮ ਐਡਮਿਨਸਟ੍ਰੇਟਰ(ਵੈਬਸਾਈਟ ਤੇ ਅਪਲੋਡ ਕਰਨ ਹਿਤ)